# ਪਸ਼ੂ ਪਾਲਣ ਵਿਭਾਗ ਦੁਆਰਾ ਕਰਵਾਏ ਜਾਣ ਵਾਲੇ ਬਲਾਕ ਪੱਧਰੀ ਦੁੱਧ ਚੁਆਈ ਮੁਕਾਬਲੇ

## ਐਂਟਰੀ ਫਾਰਮ

ਬਲਾਕ ----------- ਤਹਿਸੀਲ ------------- ਜਿਲ੍ਹਾ-----

ਪਸ਼ੂ ਪਾਲਕ ਦਾ ਨਾਮ --------------

ਪਿਤਾ ਦਾ ਨਾਮ --------------

ਪੱਕਾ ਪਤਾ --------------

--------------

--------------

ਮੁਬਾਇਲ /ਫੋਨ ਨੰ. --------------

ਈ.ਮੇਲ --------------

ਪਸ਼ੂ ਦੀ ਕਿਸਮ (ਗਾਂ/ਮੱਝ/ਬੱਕਰੀ) --------------

ਟੈਗ ਨੰਬਰ --------------

ਨਸਲ --------------

ਸੂਆ --------------

ਕੱਟਾ/ਕੱਟੀ ਜਾਂ ਵੱਛਾ/ਵੱਛੀ --------------

ਕੱਟਾ/ਕੱਟੀ ਜਾਂ ਵੱਛਾ/ਵੱਛੀ ਟੈਗ ਨੰ. --------------

ਰੰਗ --------------

ਦੰਦ/ਉਮਰ --------------

(ਪਸ਼ੂ ਪਾਲਕ ਦੇ ਹਸਤਾਖਰ)

Scanned by CamScanner

## ਪਸ਼ੂ ਪਾਲਣ ਵਿਭਾਗ, ਪੰਜਾਬ ਦੁਆਰਾ ਬਲਾਕ ਪੱਧਰੀ ਦੁੱਧ ਚੁਆਈ ਮੁਕਾਬਲੇ ਕਰਵਾਉਣ ਸਬੰਧੀ ਪਸ਼ੂ ਪਾਲਕ ਦੁਆਰਾ ਦਿੱਤਾ ਜਾਣ ਵਾਲਾ ਸਵੈ-ਘੋਸ਼ਣਾ ਪੱਤਰ

ਦੁੱਧ ਚੁਆਈ ਮੁਕਾਬਲਾ:-ਬਲਾਕ -----------ਤਹਿਸੀਲ --------ਜਿਲ੍ਹਾ-----

1. ਮੈਨੂੰ ਜਾਣਕਾਰੀ ਹੈ ਕਿ ਪਸ਼ੂ ਪਾਲਣ ਵਿਭਾਗ, ਪੰਜਾਬ ਵੱਲੋ ਕਰਵਾਇਆ ਜਾਂਦਾ ਇਹ ਮੁਕਾਬਲਾ ਪਸ਼ੂ ਪਾਲਕਾਂ ਦੇ ਹਿੱਤ ਲਈ ਕੀਤਾ ਜਾਂਦਾ ਹੈ । ਮੈ ਇਸ ਵਿੱਚ ਪੂਰਨ ਸਹਿਯੋਗ ਕਰਾਂਗਾ/ਕਰਾਂਗੀ ।

2 ਮੈ ਇਹਨਾਂ ਮੁਕਾਬਲਿਆਂ ਵਿੱਚ ਆਪਣੀ ਮਰਜ਼ੀ, ਖਰਚੇ ਅਤੇ ਜਿੰਮੇਵਾਰੀ ਤੇ ਹਿੱਸਾ ਲੈ ਰਿਹਾ ਹਾਂ । ਮੁਕਾਬਲੇ ਦੋਰਾਨ ਜੇਕਰ ਕੋਈ ਦੁਰਘਟਨਾ ਵਾਪਰਦੀ ਹੈ, ਤਾਂ ਮੈ ਉਸ ਦਾ ਖੁੱਦ ਜਿੰਮੇਵਾਰ ਹੋਵਾਂਗਾ ਅਤੇ ਵਿਭਾਗ ਦੀ ਇਸ ਵਿੱਚ ਕੋਈ ਜਿੰਮੇਵਾਰੀ ਨਹੀ ਹੋਵੇਗੀ ।

3 ਮੈ ਮੁਕਾਬਲਾ ਸੁਰੂ ਹੋਣ ਤੋ ਪਹਿਲਾਂ ਆਪਣੇ ਪਸ਼ੂਆਂ ਨੂੰ (ਜੇਕਰ ਪਹਿਲਾ ਟੈਗ ਨਾ ਲੱਗਾ ਹੋਵੇ) ਟੈਗ ਲੁਆਵਾਂਗਾ ।

4. ਮੈ ਆਪਣੇ ਪਸ਼ੂ ਨੂੰ ਮੂੰਹ-ਖੁਰ ਅਤੇ ਗਲ-ਘੋਟੂ ਬਿਮਾਰੀ ਤੋਂ ਬਚਾਅ ਦਾ ਟੀਕਾ ਕ੍ਰਮਵਾਰ ਮਿਤੀ-------- ਅਤੇ ---------ਨੂੰ ਲਗਵਾਇਆ ਹੈ । ਇਸ ਸਬੰਧੀ ਸਰਟੀਫਿਕੇਟ ਨਾਲ ਨੱਥੀ ਹੈ । ਮੇਰਾ ਪਸ਼ੂ ਤੰਦਰੁਸਤ ਹੈ ਅਤੇ ਇਸ ਨੂੰ ਕਿਸੇ ਹੋਰ ਇਲਾਜ ਦੀ ਜਰੂਰਤ ਨਹੀਂ ਹੈ ।

5. ਦੁੱਧ ਚੁਆਈ ਉਪਰੰਤ ਯੋਗ ਕੱਟੇ/ਵੱਛੇ ਮੈਂ ਵਿਭਾਗ ਦੇ ਪਸ਼ੂ ਨਸਲ ਸੁਧਾਰ ਪ੍ਰੋਗਰਾਮ ਵਿੱਚ ਸ਼ਾਮਿਲ ਕਰਨ ਨੂੰ ਪਹਿਲ ਦਵਾਂਗਾ ।

6. ਮੇਰੇ ਪਿੰਡ ਵਿੱਚ ਮੂੰਹ-ਖੁਰ ਅਤੇ ਗਲ-ਘੋਟੂ ਦੀ ਬਿਮਾਰੀ ਨਹੀ ਫੈਲੀ ਹੈ ਅਤੇ ਮੈ ਆਪਣੀ ਜਿੰਮੇਵਾਰੀ ਸਮਝਦਾ ਹਾਂ ਕਿ ਇਹ ਬਿਮਾਰੀਆਂ ਫੈਲੀਆਂ ਹੋਣ ਦੀ ਸਥਿਤੀ ਵਿੱਚ ਮੈ ਆਪਣੇ ਪਸ਼ੂਆਂ ਨੂੰ ਮੁਕਾਬਲੇ ਵਿੱਚ ਲੈਕੇ ਨਾ ਆਂਵਾ ਤਾਂ ਕਿ ਦੂਜੇ ਪਸ਼ੂਆਂ ਵਿੱਚ ਇਹ ਬਿਮਾਰੀਆਂ ਨਾ ਫੈਲਣ ।

ਪਸ਼ੂ ਪਾਲਕ ਦੇ ਹਸਤਾਖਰ

ਪਤਾ

ਫੋਨ ਨੰ. ਅਤੇ ਮੇਲ ਆਈ.ਡੀ.

Scanned by CamScanner

# ਪਸੂ ਪਾਲਣ ਵਿਭਾਗ ਪੰਜਾਬ ਦੁਆਰਾ ਬਲਾਕ ਪੱਧਰੀ ਦੁੱਧ ਚੁਆਈ ਮੁਕਾਬਲੇ ਕਰਵਾਉਣ ਸਬੰਧੀ ਨਿਯਮ

ਇਹ ਮੁਕਾਬਲੇ ਪਸ਼ੂ ਪਾਲਕਾਂ ਦੇ ਉੱਤਮ ਪਸ਼ੂਧੰਨ ਦੀ ਪਛਾਣ ਅਤੇ ਪਸੂ ਪਾਲਕਾਂ ਦੀ ਭਲਾਈ ਲਈ ਆਯੋਜਿਤ ਕਰਵਾਏ ਜਾ ਰਹੇ ਹਨ । ਪਸ਼ੂ ਪਾਲਕਾਂ ਤੋ ਹੇਠ ਲਿਖੇ ਨੁਕਤਿਆਂ ਤੇ ਸਹਿਯੋਗ ਲੋੜੀਂਦਾ ਹੈ :-

1. ਪਸੂ ਪਾਲਕ ਕਿਸੇ ਵੀ ਨਸਲ ਦੀ ਤੰਦਰੁਸਤ ਮੱਝ/ਗਾਂ/ਬੱਕਰੀ, ਸੂਏ ਦੇ ਕਿਸੇ ਵੀ ਸਮੇਂ ਅਤੇ ਮੂੰਹ ਖੁਰ ਅਤੇ ਗਲ-ਘੋਟੂ ਦੇ ਸਮੇ-ਸਿਰ ਟੀਕਾਕਰਨ ਕਰਨ ਤੋ ਬਾਅਦ ਆਪਣੇ ਪਸੂ ਸਮੇਤ ਮੁਕਾਬਲੇ ਵਿੱਚ ਭਾਗ ਲੈ ਸਕਦੇ ਹਨ ।

2. ਬਲਾਕ ਪੱਧਰੀ ਮੁਕਾਬਲੇ ਹੇਠ ਲਿਖੀਆਂ ਕੈਟਾਗਿਰੀਆਂ ਅਨੁਸਾਰ ਕਰਵਾਏ ਜਾਣਗੇ:-

| | | |
|---|---|---|
| ੳ) | ਮੁਰਹਾ ਅਤੇ ਗਰੇਡਿਡ ਮੁਰਹਾ | (16 ਕਿਲੋ ਅਤੇ ਉਸ ਤੋ ਵੱਧ) |
| ਅ) | ਨੀਲੀ ਰਾਵੀ ਅਤੇ ਗਰੇਡਿਡ ਨੀਲੀ ਰਾਵੀ | (14 ਕਿਲੋ ਅਤੇ ਉਸ ਤੋ ਵੱਧ) |
| ੲ) | ਐਚ.ਐਫ. ਅਤੇ ਕਰਾਸਿਜ਼ | (30 ਕਿਲੋ ਅਤੇ ਉਸ ਤੋ ਵੱਧ) |
| ਸ) | ਜਰਸੀ ਅਤੇ ਕਰਾਸਿਜ਼ | (16 ਕਿਲੋ ਅਤੇ ਉਸ ਤੋ ਵੱਧ) |
| ਹ) | ਸਾਹੀਵਾਲ ਤੇ ਹੋਰ ਦੇਸੀ ਨਸਲਾਂ | (12 ਕਿਲੋ ਅਤੇ ਉਸ ਤੋ ਵੱਧ) |
| ਕ) | ਬੱਕਰੀਆਂ -ਕੋਈ ਵੀ ਨਸਲ | (2.5 ਕਿਲੋ ਅਤੇ ਉਸ ਤੋ ਵੱਧ) |

3. ਹਰ ਬਲਾਕ ਪੱਧਰੀ ਪਸ਼ੂ ਹਸਪਤਾਲ ਵਿੱਚ ਇਹਨਾਂ ਦੁੱਧ ਚੁਆਈ ਮੁਕਾਬਲਿਆਂ ਸਬੰਧੀ ਰਜਿਸਟਰ ਲਗਾਇਆ ਜਾਵੇਗਾ, ਜਿਸ ਵਿੱਚ ਮੱਝਾਂ, ਗਾਂਵਾ ਅਤੇ ਬੱਕਰੀਆਂ ਦੀਆਂ ਵੱਖ-ਵੱਖ ਨਸਲਾ ਅਨੁਸਾਰ ਰਜਿਸਟਰ ਦੇ ਪੰਨਿਆਂ ਦੀ ਵੰਡ ਕਰਕੇ ਦੁੱਧ ਚੁਆਈ ਦਾ

ਰਿਕਾਰਡ ਰੱਖਿਆ ਜਾਵੇਗਾ (ਇਸ ਰਜਿਸਟਰ ਵਿੱਚ ਐਂਟਰੀ ਫਾਰਮ ਦੇ ਸਾਰੇ ਕਾਲਮ ਦੀ ਸੂਚਨਾ ਦਰਜ ਕੀਤੀ ਜਾਵੇ, ਹਵਾਨਾ ਖਾਲੀ ਕਰਨ, ਪਹਿਲੀ, ਦੂਜੀ, ਤੀਜੀ ਅਤੇ ਚੌਥੀ ਚੁਆਈ ਦਾ ਰਿਕਾਰਡ ਦਰਜ ਕਰਕੇ ਬਲਾਕ ਪੱਧਰੀ ਦੁੱਧ ਚੁਆਈ ਕਮੇਟੀ ਦੇ ਹਸਤਾਖਰ ਕਰਵਾਏ ਜਾਣ )।

4. ਵਿਭਾਗ ਵੱਲੋ ਬਲਾਕ ਪੱਧਰੀ ਦੁੱਧ ਚਆਈ ਮੁਕਾਬਲੇ ਨਿਰਧਾਰਿਤ ਸਥਾਨ ਤੇ ਹਰ ਮਹੀਨੇ ਦੇ ਦੂਜੇ ਸੋਮਵਾਰ ਨੂੰ ਹੇਠ ਲਿਖੇ ਸਮੇਂ ਅਨੁਸਾਰ ਕਰਵਾਏ ਜਾਣਗੇ:-

| | |
|---|---|
| ਸੋਮਵਾਰ ਸ਼ਾਮ 6 ਵਜੇ- | ਹਵਾਨਾ ਖਾਲੀ ਕਰਨਾ |
| ਮੰਗਲਵਾਰ ਸਵੇਰੇ 6 ਵਜੇ- | ਪਹਿਲੀ ਚੁਆਈ । |
| ਮੰਗਲਵਾਰ ਸਾਮ 6 ਵਜੇ- | ਦੂਜੀ ਚੁਆਈ । |

Scanned by CamScanner

ਬੁੱਧਵਾਰ ਸਵੇਰੇ 6 ਵਜੇ- ਤੀਜੀ ਚੁਆਈ ।

ਬੁੱਧਵਾਰ ਸਾਮ 6 ਵਜੇ- ਚੌਥੀ ਚੁਆਈ ।

**ਨੋਟ.- ਜੇਕਰ ਗਾਂਵਾਂ ਦੀ ਦਿਨ ਵਿੱਚ ਤਿੰਨ ਟਾਈਮ ਚੁਆਈ ਦੀ ਜਰੂਰਤ ਹੋਵੇ, ਤਾਂ ਸਮਾਂ ਸਵੇਰੇ 6 ਵਜੇ, ਦੁਪਹਿਰ 12 ਵਜੇ ਅਤੇ ਸਾਮ 6 ਵਜੇ ਹੋਵੇਗਾ ।**

5. ਕੇਵਲ ਕੰਨ ਤੇ ਲੱਗੇ ਟੈਗ ਵਾਲਾ ਪਸ਼ੂ ਹੀ ਰਜਿਟਰਡ ਹੋਵੇਗਾ । ਜੇਕਰ ਕੰਨ ਤੇ ਕੋਈ ਟੈਗ ਨਹੀ ਹੈ, ਤਾਂ ਪਸ਼ੂ ਅਤੇ ਉਸ ਦੇ ਕੱਟੇ/ਵੱਛੇ ਦੇ ਕੰਨ ਤੇ ਇਕ ਵਿਸੇਸ ਪਹਿਚਾਣ ਅੰਕ ਵਾਲਾ ਟੈਗ ਪਹਿਲੀ ਵਾਰ ਹਵਾਨਾ ਖਾਲੀ ਕਰਨ ਤੋ ਬਾਅਦ ਲਗਾਇਆ ਜਾਵੇਗਾ।

6. ਬਲਾਕ ਪੱਧਰੀ ਦੁੱਧ ਚੁਆਈ ਮੁਕਾਬਲੇ ਦੀ ਸਾਰੀ ਪ੍ਰਕ੍ਰਿਆ ਦੌਰਾਨ ਪਸ਼ੂ/ਪਸ਼ੂ ਪਾਲਕ ਨੂੰ ਕੋਈ ਸੱਟ-ਫੇਟ/ਮੌਤ ਜਾਂ ਕਿਸੇ ਵੀ ਹੋਰ ਤਰ੍ਹਾਂ ਦੇ ਨੁਕਸਾਨ ਦੀ ਕੋਈ ਵੀ ਜਿੰਮੇਵਾਰੀ ਪਸ਼ੂ ਪਾਲਣ ਵਿਭਾਗ ਦੀ ਨਹੀ ਹੈ ।

7. ਚੁਆਈ ਵੇਲੇ ਦੁੱਧ ਚੋਣ ਵਾਲੇ ਦੀਆਂ ਬਾਹਵਾਂ ਢੱਕੀਆਂ ਹੋਈਆਂ ਨਾ ਹੋਣ ਅਤੇ ਉਸ ਨੇ ਕੋਈ ਕੰਬਲ, ਲੋਈ ਅਤੇ ਸ਼ਾਲ ਆਦਿ ਨਾ ਲਿਆ ਹੋਵੇ ।

8. ਉਤਮ ਪਸ਼ੂਆਂ ਦੇ ਕੱਟੇ/ਕੱਟੀਆਂ, ਵੱਛੇ/ਵੱਛੀਆਂ ਨੂੰ ਮੁਲਾਂਕਣ ਤੋ ਬਾਅਦ ਵਿਭਾਗ ਦੇ ਨਸਲ ਸੁਧਾਰ ਪ੍ਰੋਗਰਾਮ ਵਿੱਚ ਸਾਮਿਲ ਕੀਤਾ ਜਾ ਸਕਦਾ ਹੈ ।

9. ਪਸ਼ੂ ਪਾਲਣ ਵਿਭਾਗ ਵੱਲੋ ਪਸ਼ੂ ਪਾਲਕਾਂ ਨੂੰ ਬਿਜਲੀ ਅਤੇ ਪਾਣੀ ਤੋ ਬਿਨਾਂ ਹੋਰ ਕੋਈ ਵੀ ਸੁਵਿਧਾ ਜਿਵੇ ਚਾਰਾ, ਦਾਣਾ, ਮਿਲਕਿੰਗ ਮਸ਼ੀਨ, ਚੱਕਵੀ ਖੁਰਲੀ ਆਦਿ ਮੁਹੱਈਆ ਨਹੀ ਕਰਵਾਈ ਜਾਵੇਗੀ ।

10. ਇਹ ਮੁਕਾਬਲੇ ਇੱਕ ਸਹਾਇਕ ਨਿਰਦੇਸਕ, ਪਸ਼ੂ ਪਾਲਣ/ਸੀਨੀਅਰ ਵੈਟਨਰੀ ਅਫਸਰ, ਤਿੰਨ ਵੈਟਨਰੀ ਅਫਸਰਾਂ ਅਤੇ ਤਿੰਨ ਵੈਟਨਰੀ ਇੰਸਪੈਕਟਰਾਂ ਦੀ ਕਮੇਟੀ ਦੁਆਰਾ ਕਰਵਾਏ ਜਾਣਗੇ, ਜਿਨ੍ਹਾਂ ਵਿੱਚੋ ਹਰ ਮੁਕਾਬਲੇ ਵਿੱਚ ਘੱਟੋ ਘੱਟ ਛੇ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਹਾਜਰ ਰਹਿਣਾ ਲਾਜਮੀ ਹੈ ।

11. ਬਲਾਕ ਪੱਧਰੀ ਮੁਕਾਬਲਿਆਂ ਦੋਰਾਨ ਡਿਪਟੀ ਡਾਇਰੈਕਟਰ, ਪਸ਼ੂ ਪਾਲਣ /ਸਹਾਇਕ ਨਿਰਦੇਸਕ, ਪਸ਼ੂ ਪਾਲਣ/ਐਸ.ਵੀ.ਓ. ਕਿਸੇ ਇੱਕ ਮੁਕਾਬਲੇ ਵਾਲੀ ਥਾਂ ਤੇ ਹਾਜਰ ਰਹਿਣਗੇ ।

Scanned by CamScanner

12. ਦੁੱਧ ਚੁਆਈਆਂ ਸਬੰਧੀ ਜੇਕਰ ਕੋਈ ਮਤਭੇਦ ਹੁੰਦਾ ਹੈ, ਤਾਂ ਸਬੰਧਤ ਪਸ਼ੂ ਪਾਲਕ ਵੱਲੋ 1000/- ਰੁਪਏ ਦੀ ਫੀਸ ਜਮਾਂ ਕਰਵਾ ਕੇ ਸਿਕਾਇਤ ਦਰਜ ਕਰਵਾਈ ਜਾਵੇਗੀ ਅਤੇ ਸਬੰਧਤ ਜਿਲ੍ਹੇ ਦੇ ਡਿਪਟੀ ਡਾਇਰੈਕਟਰ ਪਸ਼ੂ ਪਾਲਣ / ਸਹਾਇਕ ਨਿਰਦੇਸ਼ਕ, ਪਸ਼ੂ ਪਾਲਣ /ਐਸ.ਵੀ.ਓ. ਦੀ ਹਾਜਰੀ ਵਿੱਚ ਮਤਭੇਦ ਕਮੇਟੀ ਦੁਆਰਾ ਵੀਰਵਾਰ ਵਾਲੇ ਦਿਨ ਸਵੇਰੇ ਅਤੇ ਸਾਮ ਦੀਆਂ ਦੋ ਚੁਆਈਆਂ ਕਰਵਾਉਣ ਉਪਰੰਤ ਔਸਤ ਦੂਧ ਰਿਕਾਰਡ ਕਰ ਲਿਆ ਜਾਵੇਗਾ ।

**ਨੋਟ:-** **ਜੇਕਰ ਕਿਸੇ ਪਿੰਡ ਜਾਂ ਇਲਾਕੇ ਵਿੱਚ ਪਸ਼ੂਆਂ ਨੂੰ ਮੂੰਹ ਖੁਰ ਜਾਂ ਗਲ-ਘੋਟੂ ਦੀ ਬਿਮਾਰੀ ਫੈਲੀ ਹੈ, ਤਾਂ ਪਸ਼ੂਆਂ ਨੂੰ ਮਕਾਬਲੇ ਵਿੱਚ ਨਾ ਲੈਕੇ ਆਇਆ ਜਾਵੇ ।**

Scanned by CamScanner